ਅਨੁਲੱਗ-ੳ

(ਸੂਚਨਾ ਦਾ ਸਮਾਂ: 01.01.2018 ਤੋਂ 31.10.2022)

**ਭਾਗ-1**

1. ਇਸ ਸਮੇਂ ਦੌਰਾਨ ਹਰ ਸਾਲ ਪੰਜਾਬ ਸਰਕਾਰ ਵਲੋਂ ਪੰਜਾਬ ਕਲਾ ਪ੍ਰੀਸ਼ਦ ਨੂੰ ਕਿੰਨੀ ਕਿੰਨੀ ਗ੍ਰਾਂਟ ਦਿੱਤੀ ਗਈ?
2. ਹਰ ਸਾਲ, ਇਸ ਗ੍ਰਾਂਟ ਵਿਚੋਂ, ਕਲਾ ਪ੍ਰੀਸ਼ਦ ਦੀਆਂ ਤਿੰਨੋਂ ਅਕੈਡਮੀਆਂ ਨੂੰ ਕਿਨੀਂ ਕਿਨੀਂ ਗ੍ਰਾਂਟ ਅਲਾਟ ਕੀਤੀ ਗਈ?
3. ਕਲਾ ਪ੍ਰੀਸ਼ਦ **ਅਤੇ ਤਿੰਨੋਂ ਅਕਾਡਮੀਆਂ** ਵੱਲੋਂ ਇਸ ਸਮੇਂ ਦੌਰਾਨ ਕਿੰਨੀਆਂ ਮੀਟਿੰਗਾਂ ਕੀਤੀਆਂ ਗਈਆਂ।
4. ਕੀਤੀਆਂ ਗਈਆਂ ਮੀਟਿੰਗਾਂ ਵਿਚ ਹਿੱਸਾ ਲੇਣ ਵਾਲੀਆਂ ਸੱਖਸੀਅਤਾਂ ਦੇ ਨਾਮ ਅਤੇ ਯੋਗਤਾਵਾਂ ਆਦਿ।
5. ਮੀਟਿੰਗਾਂ ਵਿਚ ਸ਼ਾਮਲ ਸੱਖਸੀਅਤਾਂ ਨੂੰ ਦਿੱਤੀ ਗਈ ਮਾਣ-ਭੇਟਾ, ਟੀ.ਏ., ਡੀ.ਏ.ਆਦਿ ਦਾ ਵੇਰਵਾ।
6. ਹਰ ਮੀਟਿੰਗ ਸਮੇਂ ਖਾਣੇ ਆਦਿ ਤੇ ਹੋਏ ਖਰਚ ਦਾ ਵੇਰਵਾ। ਨਾਲ ਦਸਤਾਵੇਜਾਂ ਦੀਆਂ ਨਕਲਾਂ।
7. ਮੀਟਿੰਗਾਂ ਨਾਲ ਸਬੰਧਿਤ ਸਾਰੇ ਦਸਤਾਵੇਜ ਅਤੇ ਸੱਖਸੀਅਤ ਵੱਲੋਂ ਮਾਣ-ਭੇਟਾ ਆਦਿ ਵਸੂਲ ਕਰਨ ਬਾਅਦ ਦਿੱਤੀਆਂ ਰਸੀਦਾਂ ਆਦਿ ਦੀਆਂ ਨਕਲਾਂ।
8. ਇਸ ਸਮੇਂ ਦੌਰਾਨ ਕਲਾ ਪ੍ਰੀਸ਼ਦ ਵੱਲੋਂ ਵੱਖ ਵੱਖ ਸੰਸਥਾਵਾ ਨੂੰ ਦਿੱਤੀ ਗਈ ਮਾਲੀ ਸਹਾਇਤਾ ਦੇ ਵੇਰਵੇ ਅਤੇ ਸਹਾਇਤਾ ਦੇਣ ਲਈ ਸਬੰਧਤ ਅਧਿਕਾਰੀਆਂ ਵਲੋਂ ਕੀਤੇ ਗਏ ਹੁਕਮਾਂ ਦੀਆਂ ਨਕਲਾਂ।
9. ਇਸ ਸਮੇਂ ਦੌਰਾਨ ਕਲਾ ਪ੍ਰੀਸ਼ਦ ਵੱਲੋਂ ਜਿੰਨਾਂ ਜਿੰਨਾਂ ਸਖਸੀਅਤਾਂ ਦੇ ਸਨਮਾਨ ਕੀਤੇ ਗਏ ਉਨਾਂ ਦੇ ਨਾਂ ਅਤੇ ਦਿੱਤੀ ਗਈ ਸਨਮਾਨ ਰਾਸ਼ੀ ਦਾ ਵੇਰਵਾ।
10. **ਇਨਕਮ ਟੈਕਸ ਨਿਯਮਾਂ ਅਨੁਸਾਰ ਸਨਮਾਨ ਰਾਸ਼ੀ ਤੇ ਬਣਦੇ ਟੀ.ਡੀ.ਐਸ. ਕਟਨ  ਨਾਲ ਸਬੰਧਤ ਦਸਤਾਵੇਜ਼।**
11.ਸਨਮਾਨ ਲਈ ਚੋਣ ਲਈ ਸਬੰਧਤ ਅਧਿਕਾਰੀਆਂ ਵਲੋਂ ਕੀਤੇ ਗਏ ਹੁਕਮਾਂ ਦੀਆਂ ਨਕਲਾਂ।
12. ਕਲਾ ਪ੍ਰੀਸ਼ਦ ਦੇ ਪ੍ਰਧਾਨ , ਜਨਰਲ ਸਕੱਤਰ **ਅਤੇ ਹੋਰ ਮੈਂਬਰਾਂ** ਵੱਲੋਂ ਪ੍ਰੀਸ਼ਦ ਦੇ ਨੁਮਾਇੰਦਿਆਂ ਵਜੋਂ, ਪੰਜਾਬ ਤੋਂ ਬਾਹਰ ਭਾਰਤ ਦੇ ਹੋਰ ਸੂਬਿਆਂ ਵਿਚ ਅਤੇ ਵਿਦੇਸਾਂ ਵਿਚ ਕਿੰਨੇ ਸਮਾਗਮਾਂ ਵਿਚ ਸ਼ਿਰਕਤ ਕੀਤੀ ਗਈ?
13. ਇਨਾਂ **ਸ਼ਿ**ਰਕਤਾਂ ਤੇ ਹੋਏ ਖਰਚੇ ਦਾ ਵੇਰਵਾ**।**
14.ਨੁਮਾਇੰਦਿਆਂ ਦੀ ਚੋਣ ਕਰਨ ਲਈ ਸਬੰਧਤ ਅਧਿਕਾਰੀਆਂ ਵਲੋਂ ਕੀਤੇ ਗਏ ਹੁਕਮਾਂ ਦੀਆਂ ਨਕਲਾਂ।
15.ਇਸ ਸਮੇਂ ਦੌਰਾਨ ਕਲਾ, ਕਲਾ ਪ੍ਰੀਸ਼ਦ **ਅਤੇ ਤਿੰਨੋਂ ਅਕਾਡਮੀਆਂ** ਵੱਲੋਂ ਕਰਵਾਏ ਗਏ **ਕਿੰਨੇਂ** ਸਮਾਗਮਾਂ ਦੀ **ਪ੍ਰਧਾਨਗੀ** ਪ੍ਰੀਸ਼ਦ ਦੇ ਪ੍ਰਧਾਨ ਅਤੇ ਜਰਨਲ ਸਕੱਤਰ ਜੀ ਵੱਲੋਂ ਕੀਤੀ ਗਈ?
16. ਕਲਾ ਪ੍ਰੀਸ਼ਦ ਦੀ ਮਾਲੀ ਸਹਾਇਤਾ ਨਾਲ ਹੋਰ ਸੰਸਥਾਵਾਂ ਵਲੋਂ ਕਰਵਾਏ ਗਏ,ਕਿੰਨੇ ਸਮਾਗਮਾਂ ਵਿਚ ਕਲਾ ਪ੍ਰੀਸ਼ਦ ਦੇ ਪ੍ਰਧਾਨ ਜਾਂ ਸਕੱਤਰ ਵੱਲੋਂ ਪ੍ਰਧਾਨਗੀ ਕੀਤੀ ਗਈ?
17. ਸਮਾਗਮਾਂ ਵਿਚ ਸਾਮਲ ਹੋਣ ਲਈ ਕਲਾ ਪ੍ਰੀਸ਼ਦ ਦੇ ਪ੍ਰਧਾਨ ਅਤੇ ਜਨਰਲ ਸਕੱਤਰ ਨੂੰ ਮਿਲੇ ਟੀ.ਏ.ਅਤੇ ਡੀ.ਏ.ਦੇ ਵੇਰਵੇ।
18. ਇਸ ਸਮੇਂ ਦੋਰਾਣ ਕਲਾ ਪ੍ਰੀਸ਼ਦ ਵਲੋਂ ਆਪਣੇ ਆਡੀਟੋਰੀਅਮ ਵਿਚ ਕਿੰਨੇ ਸਮਾਗਮ ਕਰਵਾਏ ਗਏ?
19. ਕਲਾ ਪ੍ਰੀਸ਼ਦ ਵਲੋਂ ਆਪਣੇ ਆਡੀਟੋਰੀਅਮ ਦਾ ਕਿੰਨਾਂ ਕਰਾਇਆ ਵਸੂਲਿਆ ਜਾਂਦਾ ਹੈ?
20. ਕਲਾ ਪ੍ਰੀਸ਼ਦ ਵਲੋਂ ਆਪਣੇ ਆਡੀਟੋਰੀਅਮ ਦਾ ਕਿੰਨਾਂ ਕਿੰਨਾਂ ਸਮਾਗਮਾਂ ਦਾ ਕਰਾਇਆ ਵਸੂਲਿਆ ਗਿਆ? ਅਤੇ ਕਿੰਨਾਂ ਕਿੰਨਾਂ?
21. **ਇਸ ਸਮੇਂ ਦੋਰਾਣ ਪੰਜਾਬ ਕਲਾ ਪ੍ਰੀਸ਼ਦ ਵਲੋਂ ਕਿੰਨੇ ਸਾਹਿਤਕ ਸਮਾਗਮ ਇਕਲਿਆਂ ( ਪੰਜਾਬ ਸਾਹਿਤ ਅਕਾਡਮੀ ਦੇ ਸਹਿਯੋਗ ਤੋਂ ਬਿਨਾਂ) ਕਰਵਾਏ ਗਏ?**

**ਭਾਗ-2**

22.ਇਸ ਸਮੇਂ ਦੌਰਾਨ **ਸੰਗੀਤ ਅਕਾਡਮੀ** ਵੱਲੋਂ ਕਿੰਨੇ ਨਾਟਕ ਕਰਵਾਏ ਗਏ? ਨਾਟਕ ਕਿਸ ਕਿਸ ਟੀਮ ਵੱਲੋਂ ਕੀਤੇ ਗਏ ?
23 . ਹਰ ਨਾਟਕ ਲਈ **ਕਲਾਕਾਰਾਂ ਅਤੇ ਡਾਇਰੈਕਟਰ ਆਦਿ ਨੂੰ** ਕਿੰਨੀ ਕਿੰਨੀ ਰਕਮ ਦਿੱਤੀ ਗਈ?
24. ਟੀਮ ਦੀ ਚੋਣ ਕਰਦੇ ਸਮੇਂ ਕਿਹੜੇ ਨਿਯਮਾਂ ਦੀ ਪਾਲਣਾ ਕੀਤੀ ਗਈ?
25. ਨਾਟਕਾਂ ਦੀ ਚੋਣ ਲਈ ਸਬੰਧਤ ਅਧਿਕਾਰੀਆਂ ਵਲੋਂ ਕੀਤੇ ਗਏ ਹੁਕਮਾਂ ਦੀਆਂ ਨਕਲਾਂ।
26. ਇਸ ਸਮੇਂ ਦੌਰਾਨ **ਸੰਗੀਤ ਅਕਾਡਮੀ** ਵੱਲੋਂ ਸੰਗੀਤ ਨਾਲ ਸਬੰਧਿਤ **ਕਿੰਨੇ** ਪ੍ਰੋਗਰਾਮ ਕਰਵਾਏ ਗਏ?
27. ਇੰਨਾਂ ਪ੍ਰੋਗਰਾਮਾਂ ਵਿਚ ਕਿੰਨਾਂ ਕਿੰਨਾ ਸੰਗੀਕਾਰਾਂ ਅਤੇ ਕਲਾਕਾਰਾਂ ਨੇ ਪ੍ਰਫੋਰਮ ਕੀਤਾ?
28. ਕਲਾਕਾਰਾਂ ਨੂੰ ਦਿੱਤੀ ਗਈ ਮਾਣ-ਭੇਟਾ ਅਤੇ ਟੀ.ਏ., ਡੀ.ਏ.ਆਦਿ ਦਾ ਵੇਰਵਾ। ਸੰਗੀਤਕਾਰਾਂ ਦੀ ਚੋਣ ਕਰਨ ਲਈ ਸਬੰਧਤ ਅਧਿਕਾਰੀਆਂ ਵਲੋਂ ਕੀਤੇ ਗਏ ਹੁਕਮਾਂ ਦੀਆਂ ਨਕਲਾਂ।
29. ਸੰਗੀਤਕ ਪ੍ਰੋਗਰਾਮਾਂ ਤੇ ਹੋਏ ਖਰਚਿਆਂ ਦਾ ਵਿਸਤਰ ਵੇਰਵਾ।ਸਬੰਧਤ ਦਸਤਾਵੇਜਾਂ ਦੀਆਂ ਨਕਲਾਂ।

30. ਨਾਟਕਾਂ ਨੂੰ ਖੇਡਣ ਲਈ ਕਰਵਾਏ ਸਮਾਗਮਾਂ ਤੇ ਹੋਏ ਖਰਚਿਆਂ ਦਾ ਵਿਸਤਰ ਵੇਰਵਾ।ਸਬੰਧਤ ਦਸਤਾਵੇਜਾਂ ਦੀਆਂ ਨਕਲਾਂ।

**ਭਾਗ-3**

31. ਇਸ ਸਮੇਂ ਦੌਰਾਨ ਲਲਿਤ ਕਲਾ ਅਕਾਡਮੀ ਵੱਲੋਂ ਲਲਿਤ ਕਲਾਵਾਂ ਨਾਲ ਸਬੰਧਿਤ ਕਿੰਨੇ ਪ੍ਰੋਗਰਾਮ ਕਰਵਾਏ ਗਏ?
32. ਇੰਨਾਂ ਪ੍ਰੋਗਰਾਮਾਂ ਵਿਚ ਕਿੰਨਾਂ ਕਿੰਨਾ ਸ਼ਖਸ਼ੀਅਤਾਂ ਅਤੇ ਕਲਾਕਾਰਾਂ ਨੇ ਭਾਗ ਲਿਆ?
33. ਕਲਾਕਾਰਾਂ/ ਸ਼ਖਸ਼ੀਅਤਾਂ ਨੂੰ ਦਿੱਤੀ ਗਈ ਮਾਣ-ਭੇਟਾ ਅਤੇ ਟੀ.ਏ.,ਡੀ.ਏ.ਆਦਿ ਦਾ ਵੇਰਵਾ।ਕਲਾਕਾਰਾਂ/ ਸ਼ਖਸ਼ੀਅਤਾਂ ਦੀ ਚੋਣ ਕਰਨ ਲਈ ਸਬੰਧਤ ਅਧਿਕਾਰੀਆਂ ਵਲੋਂ ਕੀਤੇ ਗਏ ਹੁਕਮਾਂ ਦੀਆਂ ਨਕਲਾਂ।
34. ਲਲਿਤ ਕਲਾਵਾਂ ਨਾਲ ਸਬੰਧਿਤ ਪ੍ਰੋਗਰਾਮਾਂ ਤੇ ਹੋਏ ਖਰਚਿਆਂ ਦਾ ਵਿਸਤਰ ਵੇਰਵਾ।ਸਬੰਧਤ ਦਸਤਾਵੇਜਾਂ ਦੀਆਂ ਨਕਲਾਂ।

**ਭਾਗ-4**

**35. ਇਸ ਸਮੇਂ ਦੌਰਾਣ ਪੰਜਾਬ ਸਾਹਿਤ ਅਕਾਡਮੀ ਵਲੋਂ ਕਿੰਨੇ ਸਮਾਗਮ ਕਰਵਾਏ ਗਏ?**

**36. ਹਰ ਸਮਾਗਮ ਤੇ ਹੋਏ ਖਰਚੇ ਦਾ ਵੇਰਵਾ।**

ਦਰਖਾਸਤਕਰਤਾ